# ਟੀ ਬੀ ਦੀ ਬਿਮਾਰੀ

## ਤਪਦਿਕ (ਟੀ ਬੀ) ਕੀ ਹੈ?

ਤਪਦਿਕ (ਟੀ ਬੀ) ਇੱਕ ਬਿਮਾਰੀ ਹੈ ਜਿਹੜੀ ਕਿ ਜੀਵਾਣੂਆਂ ਕਰਕੇ ਹੁੰਦੀ ਹੈ ਅਤੇ ਇੱਕ ਦੂਜੇ ਤੋਂ ਹਵਾ ਰਾਹੀਂ ਫ਼ੈਲਦੀ ਹੈ। ਟੀ ਬੀ ਆਮ ਕਰਕੇ ਫੇਫੜਿਆਂ 'ਤੇ ਅਸਰ ਕਰਦੀ ਹੈ ਪਰ ਇਹ ਲਸੀਕ ਗੰਢਾਂ (Lymph Nodes), ਗੁਰਦਿਆਂ, ਹੱਡੀਆਂ ਜਾਂ ਸਰੀਰ ਦੇ ਦੂਜੇ ਹਿੱਸਿਆਂ 'ਤੇ ਵੀ ਅਸਰ ਕਰਦੀ ਹੈ।



ਜਿਹੜੇ ਲੋਕ ਸਰਗਰਮ ਟੀ ਬੀ ਬਿਮਾਰੀ ਨਾਲ਼ ਪੀੜਤ ਹੁੰਦੇ ਹਨ, ਉਹ ਜਦੋਂ ਖੰਗਦੇ, ਹੱਸਦੇ, ਛਿੱਕ ਮਾਰਦੇ, ਗੱਲਾਂ ਕਰਦੇ, ਗਾਉਂਦੇ, ਜ਼ੋਰ ਨਾਲ਼ ਹਉਕੇ ਲੈਂਦੇ ਹਨ ਤਾਂ ਜੀਵਾਣੂਆਂ ਨੂੰ ਹਵਾ ਵਿੱਚ ਛਿੜਕਾਅ ਕਰ ਦਿੰਦੇ ਹਨ।

ਜਦੋਂ ਤੁਸੀਂ ਸਾਹ ਲੈਂਦੇ ਹੋ ਤਾਂ ਤੁਹਾਡੇ 'ਤੇ ਟੀ ਬੀ ਦਾ ਅਸਰ ਹੋ ਜਾਂਦਾ ਹੈ ਅਤੇ ਜੀਵਾਣੂ ਤੁਹਾਡੇ ਫੇਫੜਿਆਂ ਵਿੱਚ ਅਤੇ ਸਰੀਰ ਦੇ ਦੂਜੇ ਹਿੱਸਿਆਂ ਵਿੱਚ ਚਲੇ ਜਾਂਦੇ ਹਨ। ਇਸ ਨੂੰ ਗੁਪਤ ਟੀ ਬੀ ਕਹਿੰਦੇ ਹਨ ਜਾਂ ਗੁਪਤ ਟੀ ਬੀ (LTBI) ਰੋਗ ਸੰਚਾਰ ਕਹਿੰਦੇ ਹਨ। ਟੀ ਬੀ ਰੋਗ ਦੀ ਲਾਗ ਸਰਗਰਮ ਟੀ ਬੀ ਵਾਲ਼ੇ ਵਿਅਕਤੀ ਦੇ ਨਜ਼ਦੀਕ ਜਾਣ, ਬਹੁਤੀ ਦੇਰ ਲਈ ਉਸਦੇ ਨੇੜੇ ਰਹਿਣ ਅਤੇ / ਜਾਂ ਬਾਰ ਬਾਰ ਸੰਪਰਕ ਵਿੱਚ ਆਉਣ ਨਾਲ਼ ਹੁੰਦੀ ਹੈ।

ਤੁਹਾਡੇ 'ਤੇ ਗੁਪਤ ਟੀ ਬੀ (LTBI) ਦਾ ਅਸਰ, ਤੁਹਾਡੇ ਸਰਗਰਮ ਟੀ ਬੀ ਬਿਮਾਰੀ ਨਾਲ਼ ਬਿਮਾਰ ਹੋਣ ਤੋਂ ਬੜੀ ਦੇਰ ਪਹਿਲਾਂ ਹੋ ਸਕਦਾ ਹੈ। ਲਗਭਗ 5-10% LTBI ਦੇ ਅਸਰ ਵਾਲ਼ੇ ਲੋਕਾਂ ਨੂੰ ਆਪਣੇ ਜੀਵਨ ਕਾਲ ਵਿੱਚ ਸਰਗਰਮ ਟੀ ਬੀ ਹੋ ਸਕਦੀ ਹੈ।

## ਸਰਗਰਮ ਤਪਦਿਕ (ਟੀ ਬੀ) ਬਿਮਾਰੀ ਕੀ ਹੈ ?

- ਸਰਗਰਮ ਟੀ ਬੀ ਬਿਮਾਰੀ ਉਦੋਂ ਹੋ ਸਕਦੀ ਹੈ ਜਦੋਂ ਤੁਹਾਡੇ ਸਰੀਰ ਦੀ ਕਿਰਿਆ ਪ੍ਰਣਾਲੀ ਟੀ ਬੀ ਦੇ ਜੀਵਾਣੂਆਂ ਨੂੰ ਵਧਣ ਤੋਂ ਰੋਕਣ ਲਈ ਅਸਮਰੱਥ ਰਹਿੰਦੀ ਹੈ। ਇਕ ਵਾਰ ਜਦੋਂ ਜੀਵਾਣੂ ਵਧਣਾ ਸ਼ੁਰੂ ਕਰ ਦਿੰਦੇ ਹਨ , ਉਹ ਉਸ ਅੰਗ ਨੂੰ ਖ਼ਰਾਬ ਕਰ ਦਿੰਦੇ ਹਨ ਜਿਸ 'ਤੇ ਉਨ੍ਹਾਂ ਨੇ ਅਸਰ ਕੀਤਾ ਹੁੰਦਾ ਹੈ।
- ਸਰਗਰਮ ਟੀ ਬੀ ਬਿਮਾਰੀ ਦੇ ਚਿੰਨ ਅਤੇ ਅਲਾਮਤਾਂ ਇਹ ਹਨ:
  - ਦੋ (2) ਹਫ਼ਤਿਆਂ ਤੋਂ ਵਧੇਰੇ ਖੰਗ ਰਹਿਣੀ
  - ਖੰਗ ਨਾਲ਼ ਥੁੱਕ (ਰੇਸ਼ਾ) ਜਾਂ ਖ਼ੂਨ ਆਉਣਾ
  - ਬੁਖ਼ਾਰ ਰਹਿਣਾ
  - ਖੰਗਣ ਸਮੇਂ ਜਾਂ ਸਾਹ ਲੈਣ ਸਮੇਂ ਛਾਤੀ ਵਿੱਚ ਦਰਦ ਹੋਣਾ
  - ਕਮਜ਼ੋਰੀ ਅਤੇ ਥਕਾਵਟ ਮਹਿਸੂਸ ਕਰਨਾ
  - ਭੁੱਖ ਘੱਟ ਲੱਗਣੀ ਜਾਂ ਭਾਰ ਘਟਣਾ
  - ਰਾਤ ਨੂੰ ਪਸੀਨਾ ਆਉਣਾ
- ਜੇ ਟੀ ਬੀ ਜੀਵਾਣੂ ਤੁਹਾਡੇ ਫੇਫੜਿਆਂ ਵਿੱਚ ਜਾਂ ਗਲ਼ 'ਚ ਹੋਣਗੇ, ਤੁਸੀਂ ਆਪਣੇ ਪਰਿਵਾਰ ਅਤੇ ਦੋਸਤਾਂ ਵਿੱਚ ਬਿਮਾਰੀ ਫ਼ੈਲਾਉਣ ਦਾ ਕਾਰਣ ਬਣ ਸਕਦੇ ਹੋ। ਜਦੋਂ ਤੁਸੀਂ ਖੰਗੋ ਤਾਂ ਹਮੇਸ਼ਾ ਆਪਣਾ ਮੂੰਹ ਢਕ ਲਵੋ!
- ਜੇ ਤੁਹਾਨੂੰ ਸਰਗਰਮ ਟੀ ਬੀ ਬਿਮਾਰੀ ਹੋਣ ਦੀ ਪਛਾਣ ਨਿਸ਼ਚਿਤ ਹੋ ਗਈ ਹੈ ਤਾਂ, ਤੁਹਾਨੂੰ ਘਰ ਰਹਿਣਾ ਚਾਹੀਦਾ ਹੈ ਅਤੇ ਦੂਜਿਆਂ ਤੋਂ ਦੂਰ ਰਹੋ ਤਾਂ ਕਿ ਹੋਰ ਲੋਕਾਂ ਵਿੱਚ ਟੀ ਬੀ ਨਾ ਫ਼ੈਲੇ।

**ਜੇ ਤਪਦਿਕ ਬਾਰੇ ਤੁਹਾਡੇ ਕੋਈ ਸਵਾਲ ਹਨ ਤਾਂ, ਕਿਰਪਾ ਕਰਕੇ ਛੂਤ ਦੇ ਰੋਗ ਅਤੇ ਟੀ ਬੀ ਰੋਕਥਾਮ ਪਰੋਗਰਾਮ ਨੂੰ 905-546-2063 ਸੰਪਰਕ ਕਰੋ ਜਾਂ ਇਸ ਵੈਬ-ਸਾਈਟ 'ਤੇ ਜਾਓ**

## ਮੈਨੂੰ ਕਿਵੇਂ ਪਤਾ ਲੱਗੇਗਾ ਕਿ ਮੈਨੂੰ ਸਰਗਰਮ ਟੀ ਬੀ ਹੈ ?

- ਜੇ ਤੁਹਾਨੂੰ ਸਰਗਰਮ ਟੀ ਬੀ ਦੀਆਂ ਅਲਾਮਤਾਂ ਹਨ ਤਾਂ, ਸਿਹਤ ਸੰਭਾਲ ਨਿਗਰਾਨ (HCP) ਨਾਲ਼ ਗੱਲ ਕਰੋ।
- HCP ਤੁਹਾਨੂੰ ਕੁਝ ਟੈਸਟ ਕਰਵਾਉਣ ਲਏ ਭੇਜ ਸਕਦੇ ਹਨ ਤਾਂ ਕਿ ਉਹ ਦੇਖ ਸਕਣ ਕਿ ਤੁਹਾਨੂੰ ਸਰਗਰਮ ਟੀ ਬੀ ਹੈ? ਇਹ ਹੇਠ ਲਿਖੇ ਟੈਸਟ ਹੋ ਸਕਦੇ ਹਨ :
  - ਤਪਦਿਕ ਲਈ ਚਮੜੀ ਦਾ ਟੈਸਟ – ਇਹ ਦੇਖਣ ਲਈ ਕਿ ਕੀ ਤੁਹਾਡੇ ਸਰੀਰ ਵਿੱਚ ਟੀ ਬੀ ਦੇ ਜੀਵਾਣੂ ਹਨ
  - ਐਕਸ-ਰੇਅ / ਸਕੈਨ – ਦੇਖਣ ਲਈ ਕਿ ਕੀ ਫੇਫੜਿਆਂ ਨੂੰ (ਜਾਂ ਸਰੀਰ ਦੇ ਦੂਜੇ ਅੰਗਾਂ ਨੂੰ) ਕੋਈ ਨੁਕਸਾਨ ਹੋਇਆ ਹੈ
  - ਥੁੱਕ ਦਾ ਟੈਸਟ – ਜੇ ਤੁਹਾਨੂੰ ਖੰਗ ਹੋਵੇ, ਇਸ ਨਾਲ਼ ਫੇਫੜਿਆਂ ਜਾਂ ਗਲ਼ ਵਿਚਲੇ ਜੀਵਾਣੂਆਂ ਦਾ ਪਤਾ ਲੱਗੇਗਾ

## ਕੀ ਸਰਗਰਮ ਟੀ ਬੀ ਦਾ ਇਲਾਜ ਹੋ ਸਕਦਾ ਹੈ?

- ਹਾਂ, ਸਰਗਰਮ ਟੀ ਬੀ ਦਾ ਇਲਾਜ ਹੋ ਸਕਦਾ ਹੈ !
- ਟੀ ਬੀ ਦੇ ਜੀਵਾਣੂ ਬਹੁਤ ਤਾਕਤਵਰ ਹੁੰਦੇ ਹਨ ਅਤੇ ਉਹਨਾਂ ਤੋਂ ਛੁਟਕਾਰਾ ਪਾਉਣਾ ਔਖਾ ਹੁੰਦਾ ਹੈ। ਟੀ ਬੀ ਦੇ ਜੀਵਾਣੂਆਂ ਨੂੰ ਖ਼ਤਮ ਕਰਨ ਲਈ ਤੁਹਾਨੂੰ 6 ਤੋਂ 12 ਮਹੀਨੇ ਦਵਾ ਖਾਣੀ ਪੈਂਦੀ ਹੈ।
- ਜਿੰਨਾ ਚਿਰ ਤੁਹਾਡਾ ਡਾਕਟਰ ਦਵਾ ਬੰਦ ਕਰਨ ਲਈ ਨਹੀਂ ਕਹਿੰਦਾ, ਤੁਹਾਨੂੰ ਆਪਣੀ ਸਾਰੀ ਦਵਾ ਖਾਣੀ ਪੈਂਦੀ ਹੈ। ਜੇ ਤੁਸੀਂ ਆਪਣੀ ਦਵਾ ਖਾਣੀ ਪਹਿਲਾਂ ਬੰਦ ਕਰਦੇ ਹੋ ਤਾਂ, ਤੁਸੀਂ ਜ਼ਿਆਦਾ ਬਿਮਾਰ ਹੋ ਸਕਦੇ ਹੋ, ਕਿਉਂਕਿ ਟੀ ਬੀ ਦੇ ਜੀਵਾਣੂ ਤਾਕਤ ਫੜ ਸਕਦੇ ਹਨ।
- ਟੀ ਬੀ ਦੀ ਦਵਾ ਜਨਤਕ ਸਿਹਤ ਇਕਾਈ ਵਲੋਂ ਮੁਫ਼ਤ ਦਿੱਤੀ ਜਾਂਦੀ ਹੈ।
- ਜਿੰਨਾ ਚਿਰ ਤੁਹਾਡਾ ਟੀ ਬੀ ਇਲਾਜ ਚੱਲਦਾ ਹੈ , ਇਕ ਜਨਤਕ ਸਿਹਤ ਨਰਸ ਲਗਾਤਾਰ ਤੁਹਾਨੂੰ ਦੇਖਣ ਆਉਂਦੀ ਰਹਿੰਦੀ ਹੈ ਜੋ ਕਿ ਤੁਹਾਨੂੰ ਦਵਾ ਖਿਲਾਉਣ, ਸਹਾਰਾ ਦੇਣ ਅਤੇ ਸਿਖਿੱਅਤ ਕਰਨ ਵਿੱਚ ਮਦਦ ਕਰਦੀ ਰਹਿੰਦੀ ਹੈ।

Updated: January 2021
Punjabi / Tuberculosis Disease

**City of Hamilton Public Health Services**
**Health Protection Division - Infectious Disease and Tuberculosis Control Program**
**110 King St. West, 2nd Floor, Hamilton ON, L8P 4S6**
**Phone: 905.546-2063 Fax: 905.546.4078**

Hamilton